# ਜਥੇਦਾਰ ਵੇਦਾਂਤੀ ਨੇ ਪੁਰੇਵਾਲ ਦੇ ਕੈਲੰਡਰ ਦੀ ਕੀਤੀ ਹਮਾਇਤ

## ✪ ਅਮਰੀਕਾ ਦੀ ਸੰਗਤ ਨੇ ਨਕਲੀ ਕੈਲੰਡਰ ਕੀਤਾ ਰੱਦ ਤੇ ਵੇਦਾਂਤੀ ਦਾ ਫੈਸਲਾ ਕੀਤਾ ਪ੍ਰਵਾਨ ✪ ਬਿਕਰਮੀ ਕੈਲੰਡਰ ਵੱਡਾ ਭੰਬਲਭੂਸਾ



ਸੈਨਹੋਜ਼ੇ-ਅਕਾਲ ਤਖ਼ਤ ਦੇ ਸਾਬਕਾ 'ਜੱਥੇਦਾਰ' ਗਿਆਨੀ ਜੋਗਿੰਦਰ ਸਿੰਘ ਵੇਦਾਂਤੀ ਨੇ ਨਿਊਜਰਸੀ ਦੇ ਗੁਰਦੁਆਰਾ ਦਸ਼ਮੇਸ਼ ਦਰਬਾਰ ਵਿਖੇ ਪੁਰੇਵਾਲ ਵੱਲੋਂ ਬਣਾਏ ਨਾਨਕਸ਼ਾਹੀ ਕੈਲੰਡਰ ਦੀ ਹਮਾਇਤ ਕਰਦਿਆਂ ਕਿਹਾ ਕਿ 2003 ਵਿੱਚ ਜਿਹੜਾ ਨਾਨਕਸ਼ਾਹੀ ਕੈਲੰਡਰ ਅਕਾਲ ਤਖ਼ਤ ਤੋਂ ਜਾਰੀ ਕੀਤਾ ਗਿਆ ਸੀ, ਉਹ ਹੀ ਅਸਲੀ ਕੈਲੰਡਰ ਹੈ। ਉਨ੍ਹਾਂ ਨੇ ਬਿਕਰਮੀ ਕੈਲੰਡਰ ਦੀ ਗੱਲ ਕਰਦਿਆਂ ਕਿਹਾ ਕਿ ਇਹ ਚੰਦਰਮਾਂ ਦੀਆਂ ਥਿਤਾਂ ਅਨੁਸਾਰ ਹੋਣ ਕਰ ਕੇ ਇਸ ਵਿੱਚ 11 ਦਿਨ ਦਾ ਭੰਬਲਭੂਸਾ ਹੈ। ਉਨ੍ਹਾਂ ਕਿਹਾ ਕਿ ਸਿੱਖ ਵਿਰੋਧੀ ਤਾਕਤਾਂ ਨੇ ਨਾਨਕਸ਼ਾਹੀ ਕੈਲੰਡਰ ਦਾ ਘਾਣ ਕੀਤਾ ਹੈ। ਉਨ੍ਹਾਂ ਸੰਗਤ ਨੂੰ ਜ਼ੋਰਦਾਰ ਅਪੀਲ ਕੀਤੀ ਕਿ 2003 ਵਾਲੇ ਨਾਨਕਸ਼ਾਹੀ ਕੈਲੰਡਰ ਅਨੁਸਾਰ ਦਿਹਾੜੇ ਮਨਾਏ ਜਾਣ।

ਇਸ ਮੌਕੇ ਜੈਕਾਰਿਆਂ ਦੀ ਗੂੰਜ ਨਾਲ ਨਾਨਕਸ਼ਾਹੀ ਕੈਲੰਡਰ ਨੂੰ ਪ੍ਰਵਾਨਗੀ ਦਿੱਤੀ ਗਈ। ਇਹ ਜ਼ਿਕਰਯੋਗ ਹੈ ਕਿ ਗੁਰਦੁਆਰਾ ਦਸ਼ਮੇਸ਼ ਦਰਬਾਰ ਵਿਖੇ 2003 ਵਾਲੇ ਨਾਨਕਸ਼ਾਹੀ ਕੈਲੰਡਰ ਦੇ ਹੱਕ ਵਿੱਚ ਪਾਸ ਕੀਤੇ ਗਏ ਮਤੇ ਦੀ ਜਾਣਕਾਰੀ ਗੁਰੂ ਘਰ ਦੇ ਸਕੱਤਰ ਭਾਈ ਜਤਿੰਦਰ ਸਿੰਘ ਨੇ ਦਿੱਤੀ। ਯਾਦ ਰਹੇ ਕਿ ਇਸ ਗੁਰੂ ਘਰ ਵਿਖੇ ਸਾਰੇ ਪ੍ਰੋਗਰਾਮ ਪਹਿਲੇ ਨਾਨਕਸ਼ਾਹੀ ਕੈਲੰਡਰ ਅਨੁਸਾਰ ਹੀ ਮਨਾਏ ਜਾਂਦੇ ਹਨ। ਜਿਹੜਾ ਨਾਨਕਸ਼ਾਹੀ ਕੈਲੰਡਰ ਕੱਟਿਆ ਵੱਢਿਆ ਗਿਆ ਹੈ, ਉਸ ਨੂੰ ਪਾਸ ਕਰਨ ਲਈ ਪੰਜ ਤਖ਼ਤਾਂ ਦੇ ਜੱਥੇਦਾਰ ਸਹਿਮਤ ਨਹੀਂ ਹੋ ਸਕੇ, ਜਿਸ ਕਰ ਕੇ ਉਸ ਦਾ ਫ਼ੈਸਲਾ ਅਕਾਲ ਤਖ਼ਤ 'ਤੇ ਨਹੀਂ ਹੋ ਸਕਿਆ। ਉਸ ਤੋਂ ਬਾਅਦ ਇਹ ਕੈਲੰਡਰ ਸਰਬੱਤ ਖ਼ਾਲਸੇ ਦੇ ਸਪੁਰਦ ਕਰਨ ਦੀ ਥਾਂ ਵਾਪਸ ਐਗਜ਼ੈਕਟਿਵ ਨੂੰ ਮੋੜ ਕੇ ਅਕਾਲ ਤਖ਼ਤ ਦੀ ਮਾਣ ਮਰਿਆਦਾ ਨੂੰ ਠੇਸ ਪਹੁੰਚਾਈ ਗਈ। ਇਹ ਵੀ ਕਾਬਲੇਗੌਰ ਹੈ ਕਿ ਐਗਜ਼ੈਕਟਿਵ ਦੇ ਤਿੰਨ ਮੈਂਬਰ ਜਿਨ੍ਹਾਂ ਵਿੱਚ ਦੋ ਸੀਨੀਅਰ ਅਕਾਲੀ ਆਗੂ ਸੁਖਦੇਵ ਸਿੰਘ ਭੌਰ ਅਤੇ ਕਰਨੈਲ ਸਿੰਘ ਪੰਜੋਲੀ ਨੇ ਵਾਕਆਊਟ ਕਰ ਦਿੱਤਾ ਸੀ, ਜਿਸ ਕਰ ਕੇ ਇਸ ਕੈਲੰਡਰ ਨੂੰ ਸਰਬ ਸੰਮਤੀ ਵਾਲਾ ਕੈਲੰਡਰ ਨਹੀਂ ਕਿਹਾ ਜਾ ਸਕਦਾ।

# ਜਹਾਜ਼ 'ਚ ਜਨਮ ਦੇਣ ਵਾਲੀ ਲੜਕੀ ਨੇ ਬੱਚੇ ਨੂੰ ਸਵੀਕਾਰਿਆ

ਅੰਮ੍ਰਿਤਸਰ-ਬੀਤੇ ਦਿਨੀਂ ਬੇਲਾਰੂਸ, ਵਿਦੇਸ਼ ਤੋਂ ਡਾਕਟਰੀ ਦੀ ਪੜ੍ਹਾਈ ਕਰਕੇ ਵਾਪਸ ਭਾਰਤ ਪਰਤ ਰਹੀ ਇਕ ਅਣਵਿਆਹੀ ਲੜਕੀ ਵੱਲੋਂ ਤੁਰਕਮੇਨਿਸਤਾਨ ਦੇ ਜਹਾਜ਼ ਦੇ ਪਖਾਨੇ ਵਿਚ ਬੱਚੇ ਨੂੰ ਜਨਮ ਦੇਣ ਤੋਂ ਬਾਅਦ ਉਸ ਨੂੰ ਉਥੇ ਛੱਡ ਆਉਣ ਤੇ ਬਾਅਦ 'ਚ ਕਾਨੂੰਨੀ ਘੇਰੇ ਵਿਚ ਆਉਣ ਮਗਰੋਂ ਉਕਤ ਬੱਚੇ ਨੂੰ ਆਖਿਰ ਉਸ ਲੜਕੀ ਵੱਲੋਂ ਸਵੀਕਾਰ ਕਰ ਲਿਆ ਗਿਆ ਹੈ। ਲੜਕੀ ਨੂੰ ਜ਼ਮਾਨਤ ਮਿਲਣ ਉਪਰੰਤ ਇਥੋਂ ਦੇ ਇੱਕ ਨਿੱਜੀ ਹਸਪਤਾਲ ਵਿਚੋਂ ਛੁੱਟੀ ਵੀ ਮਿਲ ਗਈ ਹੈ ਅਤੇ ਉਹ ਆਪਣੇ ਘਰ ਚਲੀ ਗਈ ਹੈ। ਫੋਰਟਿਸ ਐਸਕਾਰਟਸ ਹਸਪਤਾਲ ਦੇ ਮੈਡੀਕਲ ਸੁਪਰਡੈਂਟ ਡਾ: ਐਚ.ਪੀ. ਸਿੰਘ ਨੇ ਦੱਸਿਆ ਕਿ ਲੜਕੀ ਦਾ ਇਲਾਜ ਪੂਰਾ ਹੋ ਗਿਆ ਸੀ ਅਤੇ ਇਸ ਦੀ ਹਾਲਤ ਸਥਿਰ ਹੋਣ ਕਰਕੇ ਇਸ ਨੂੰ ਹਸਪਤਾਲ ਵਿਚੋਂ ਛੁੱਟੀ ਦਿੱਤੀ ਜਾ ਚੁੱਕੀ ਹੈ। ਦੂਸਰੇ ਪਾਸੇ ਪੁਲਿਸ ਸੂਤਰਾਂ ਅਨੁਸਾਰ ਬੱਚਾ ਅਜੇ ਜ਼ੇਰੇ ਇਲਾਜ ਹੈ ਅਤੇ ਹਸਪਤਾਲ 'ਚ ਦਾਖ਼ਲ ਹੈ।

# ਏਡਜ਼ ਮੁਕਤੀ ਦੇ ਲਈ ਬਣਿਆ ਸਮਗਲਰ

## ✪ ਪਲਵਿੰਦਰ ਨੂੰ ਆਪਣੇ ਤੇ ਪਤਨੀ ਦੇ ਏਡਜ਼ ਦਾ ਇਲਾਜ ਕਰਵਾਉਣ ਲਈ ਚਾਹੀਦੇ ਸਨ ਡੇਢ ਲੱਖ ਰੁਪਏ

ਲੁਧਿਆਣਾ-ਅਫ਼ੀਮ ਸਮਗਲਿੰਗ ਦੇ ਦੋਸ਼ ਵਿੱਚ ਥਾਣਾ ਡਿਵੀਜ਼ਨ ਨੰਬਰ 4 ਪੁਲੀਸ ਦੇ ਹੱਥ ਚੜ੍ਹਿਆ ਪਲਵਿੰਦਰ ਸਿੰਘ ਜੀਊਣ ਦੀ ਚਾਹਤ ਵਿੱਚ ਹਾਲਾਤ ਤੋਂ ਹਾਰ ਗਿਆ। ਐਚ. ਆਈ. ਵੀ. ਪਾਜ਼ਟਿਵ ਟਰੱਕ ਡਰਾਈਵਰ ਪਲਵਿੰਦਰ ਸਿੰਘ ਦੇ ਮੁਤਾਬਕ ਉਸ ਦੀ ਪਤਨੀ ਵੀ ਐਚ. ਆਈ. ਵੀ. ਤੋਂ ਪੀੜਤ ਹੈ।

ਨਵਾਂਸ਼ਹਿਰ ਦੇ ਇੱਕ ਡਾਕਟਰ ਨੇ ਇਲਾਜ ਦਾ ਦਾਅਵਾ ਕਰ ਕੇ ਡੇਢ ਲੱਖ ਰੁਪਏ ਖ਼ਰਚ ਦੱਸਿਆ ਸੀ। ਇਲਾਜ ਦੇ ਲਈ ਢੇਰ ਸਾਰੇ ਰੁਪਏ ਕਮਾਉਣ ਦੇ ਲਈ ਉਹ ਅਫ਼ੀਮ ਸਮਗਲਿੰਗ ਵਿੱਚ ਉਤਰਿਆ ਸੀ। ਰਾਜ ਕੁਮਾਰ, ਪਟਿਆਲਾ ਨਿਵਾਸੀ ਪਲਵਿੰਦਰ ਸਿੰਘ ਟਰੱਕ ਚਲਾਉਂਦਾ ਹੈ। ਕੁਝ ਮਹੀਨੇ ਪਹਿਲਾਂ ਬਿਮਾਰ ਹੋਣ 'ਤੇ ਡਾਕਟਰ ਤੋਂ ਦਵਾਈ ਲੈਣ ਗਿਆ। ਇੱਥੇ ਜਾਂਚ ਵਿੱਚ ਪਤਾ ਚੱਲਿਆ ਕਿ ਉਹ ਐਚ. ਆਈ. ਵੀ. ਨਾਲ ਪੀੜਤ ਹੈ, ਉਸ ਦੀ ਪਤਨੀ ਨੂੰ ਵੀ ਏਡਜ਼ ਹੋ ਚੁੱਕੀ ਹੈ।

ਇੱਕ ਜਾਣਕਾਰ ਨਾਲ ਇਹ ਗੱਲ ਜ਼ਾਹਿਰ ਕੀਤੀ, ਤਾਂ ਉਸ ਨੇ ਨਵਾਂਸ਼ਹਿਰ ਦੇ ਇੱਕ ਡਾਕਟਰ ਦਾ ਨਾਮ ਲਿਆ। ਸੰਪਰਕ ਕਰਨ 'ਤੇ ਉਕਤ ਡਾਕਟਰ ਨੇ ਬਿਮਾਰੀ ਜੜ੍ਹ ਤੋਂ ਖ਼ਤਮ ਕਰਨ ਦਾ ਦਾਅਵਾ ਕੀਤਾ। ਡਾਕਟਰ ਦੇ ਦਾਅਵੇ ਨਾਲ ਉਸ ਨੂੰ ਆਸ ਦੀ ਕਿਰਨ ਦਿਖਾਈ ਦਿੱਤੀ, ਪਰ ਇੱਕ ਟਰੱਕ ਡਰਾਈਵਰ ਦੇ ਲਈ ਡੇਢ ਲੱਖ ਰੁਪਏ ਜਮ੍ਹਾ ਕਰਨਾ ਬਹੁਤ ਵੱਡੀ ਗੱਲ ਸੀ।

ਪਲਵਿੰਦਰ ਸਿੰਘ ਨੇ ਦੱਸਿਆ ਕਿ ਉਸ ਨੇ ਇਲਾਜ ਦੇ ਲਈ ਆਪਣੇ ਭੂਆ ਦੇ ਪੁੱਤ ਨਰਿੰਦਰ ਨਾਲ ਸੰਪਰਕ ਕੀਤਾ, ਜਿਸ ਨੇ ਜਲਦ ਰੁਪਏ ਕਮਾਉਣ ਦੇ ਲਈ ਉਸ ਨੂੰ ਸਮਗਲਿੰਗ ਦਾ ਰਾਹ ਦੱਸਿਆ। ਭਰਾ ਨੇ ਦੱਸਿਆ ਕਿ ਉਹ ਰਾਜਸਥਾਨ ਤੋਂ ਅਫ਼ੀਮ ਲਿਆ ਕੇ ਇੱਥੇ ਵੇਚਦੇ ਹਨ। ਦੋ ਤਿੰਨ ਚੱਕਰਾਂ ਵਿੱਚ ਉਨ੍ਹਾਂ ਦੇ ਰੁਪਏ ਪੂਰੇ ਹੋ ਜਾਣਗੇ। ਪਲਵਿੰਦਰ ਦੇ ਮੁਤਾਬਕ ਰਾਜਸਥਾਨ ਤੋਂ ਅੱਧਾ ਕਿਲੋ ਅਫ਼ੀਮ ਲੈ ਕੇ ਉਹ ਲੁਧਿਆਣੇ ਪਹੁੰਚਿਆ। ਖ਼ਰੀਦਦਾਰ ਨੂੰ ਲੱਭਿਆ। ਖ਼ਰੀਦਦਾਰ ਨੇ ਫ਼ੋਨ ਕਰਕੇ ਇੱਕ ਜਗ੍ਹਾ ਬੁਲਾਇਆ। ਜਦ ਉਹ ਨਿਸ਼ਚਿਤ ਜਗ੍ਹਾ ਪਹੁੰਚਿਆ, ਤਾਂ ਖ਼ਰੀਦਦਾਰ ਦੀ ਜਗ੍ਹਾ ਪੁਲੀਸ ਨੂੰ ਸਾਹਮਣੇ ਦੇਖਿਆ। ਇਹ ਉਸ ਦਾ ਪਹਿਲਾ ਮੌਕਾ ਸੀ ਅਤੇ ਉਹ ਪਹਿਲੀ ਵਾਰ ਹੀ ਗ੍ਰਿਫ਼ਤਾਰ ਹੋ ਗਿਆ। ਪਲਵਿੰਦਰ ਹੁਣ ਆਪਣੇ ਕੀਤੇ 'ਤੇ ਪਛਤਾ ਰਿਹਾ ਹੈ। ਉਸ ਦੇ ਅਨੁਸਾਰ ਉਹ ਨਾ ਤਾਂ ਆਪਣੇ ਲਈ ਕੁਝ ਕਰ ਪਾਇਗਾ ਅਤੇ ਨਾ ਹੀ ਪਰਿਵਾਰ ਦੇ ਲਈ। ਸਹਿ ਅਰੋਪੀ ਨਰਿੰਦਰ ਦੇ ਅਨੁਸਾਰ ਉਹ ਪਲਵਿੰਦਰ ਦੀ ਮਦਦ ਕਰਨਾ ਚਾਹੁੰਦਾ ਸੀ।

# ਸਵਰਨ ਸ਼ਤਾਬਦੀ ਦੇ ਖਾਣੇ 'ਚੋਂ ਨਿਕਲੇ ਕਾਕਰੋਚ, ਕਿਸੇ ਵੀ ਯਾਤਰੀ ਨੇ ਨਹੀਂ ਖਾਧਾ ਖਾਣਾ

ਲੁਧਿਆਣਾ-ਪਰਵਾਸੀ ਪੰਜਾਬੀ ਜੇਕਰ ਸਵਰਨ ਸ਼ਤਾਬਦੀ 'ਤੇ ਯਾਤਰਾ ਕਰਨਾ ਚਾਹੁੰਦੇ ਹਨ ਤਾਂ ਉਹ ਘਰੋਂ ਜਾਂ ਕਿਸੇ ਹੋਟਲ ਤੋਂ ਖਾਣਾ ਲੈ ਕੇ ਚੱਲਣ। ਸਵਰਨ ਸ਼ਤਾਬਦੀ ਵਿੱਚ ਦਿੱਤਾ ਗਿਆ ਖਾਣਾ ਖਾਣ ਤੋਂ ਪਰਹੇਜ਼ ਕਰਨ, ਕਿਉਂਕਿ ਸ਼ਤਾਬਦੀ ਦੇ ਖਾਣੇ ਵਿੱਚ ਸਾਫ ਸਫਾਈ ਦਾ ਖਿਆਲ ਨਹੀਂ ਰੱਖਿਆ ਜਾਂਦਾ। ਬੀਤੇ ਦਿਨੀਂ ਦਿੱਲੀ ਤੋਂ ਅੰਮ੍ਰਿਤਸਰ ਵੱਲੋਂ ਜਾ ਰਹੀ ਸਵਰਨ ਸ਼ਤਾਬਦੀ ਐਕਸਪ੍ਰੈੱਸ ਵਿੱਚ ਮਿਲਦੇ ਖਾਣੇ ਵਿੱਚੋਂ ਕਾਕਰੋਚ ਨਿਕਲਣ ਨਾਲ ਯਾਤਰੀਆਂ ਦਾ ਆਈ. ਆਰ. ਟੀ. ਸੀ. ਟੀ. ਸੀ. ਦੀ ਕਾਰਜ ਪ੍ਰਣਾਲੀ ਖ਼ਿਲਾਫ਼ ਗੁੱਸਾ ਫੁੱਟ ਪਿਆ। ਖਾਣੇ ਵਿੱਚ ਪਰੋਸੀ ਗਈ ਦਾਲ 'ਚੋਂ ਨਿਕਲੇ ਕਾਕਰੋਚ ਕਾਰਨ ਗੱਡੀ ਦੇ ਕੋਚ ਵਿੱਚ ਸਵਾਰ ਕਿਸੇ ਵੀ ਯਾਤਰੀ ਨੇ ਖਾਣਾ ਨਹੀਂ ਖਾਧਾ। ਯਾਤਰੀਆਂ ਨੇ ਇਸ ਸੰਬੰਧ ਵਿੱਚ ਗੱਡੀ ਦੀ ਸ਼ਿਕਾਇਤ ਪੁਸਤਕ 'ਤੇ ਸ਼ਿਕਾਇਤ ਨੰ. 24 ਵੀ ਦਰਜ ਕਰ ਦਿੱਤੀ ਹੈ। ਗੱਡੀ ਵਿੱਚ ਸਫ਼ਰ ਕਰ ਰਹੇ ਜਲੰਧਰ ਨਿਵਾਸੀ ਭਗਤ ਸਿੰਘ ਨੇ ਦੱਸਿਆ ਕਿ ਉਹ ਆਪਣੀ ਪਤਨੀ ਨਾਲ ਸਫ਼ਰ ਕਰ ਰਹੇ ਸਨ। ਜਦੋਂ ਉਨ੍ਹਾਂ ਨੂੰ ਸਰਹਿੰਦ ਕੋਲ ਖਾਣਾ ਪਰੋਸਿਆ ਗਿਆ ਤਾਂ ਖਾਣਾ ਖਾਂਦੇ ਸਮੇਂ ਉਨ੍ਹਾਂ ਨੂੰ ਉਲਟੀ ਆ ਗਈ। ਉਲਟੀ ਦੌਰਾਨ ਉਨ੍ਹਾਂ ਨੂੰ ਦਾਲ ਵਿੱਚ ਕਾਕਰੋਚ ਹੋਣ ਦਾ ਪਤਾ ਲੱਗਾ। ਜਦੋਂ ਉਨ੍ਹਾਂ ਨੇ ਖਾਣੇ ਵਿੱਚ ਪਰੋਸੀ ਗਈ ਦਾਲ ਚੈੱਕ ਕੀਤੀ, ਤਾਂ ਉਸ ਵਿੱਚੋਂ ਇੱਕ ਕਾਕਰੋਚ ਹੋਰ ਨਿਕਲ ਆਇਆ। ਜਦੋਂ ਨਾਲ ਸਫ਼ਰ ਕਰ ਰਹੇ ਯਾਤਰੀਆਂ ਨੂੰ ਇਸ ਗੱਲ ਦਾ ਪਤਾ ਲੱਗਾ, ਤਾਂ ਸਾਰਿਆਂ ਨੇ ਖਾਣਾ ਛੱਡ ਦਿੱਤਾ। ਇਸ ਕਾਰਨ ਯਾਤਰੀਆਂ ਦੀ ਤਬੀਅਤ ਵਿਗੜ ਗਈ। ਉਨ੍ਹਾਂ ਨਾਲ ਸਫ਼ਰ ਕਰ ਰਹੇ ਯਾਤਰੀ ਡਾ. ਸੰਦੀਪ ਜੈਨ ਤੇ ਰਾਕੇਸ਼ ਜੈਨ ਨੇ ਦੱਸਿਆ ਕਿ ਪਹਿਲਾਂ ਤਾਂ ਗੱਡੀ ਦੇ ਅਟੈਂਡੈਂਟ ਉਨ੍ਹਾਂ ਦੀ ਗੱਲ ਸੁਣਨ ਨੂੰ ਤਿਆਰ ਨਹੀਂ ਸਨ, ਪਰ ਜਦ ਉਨ੍ਹਾਂ ਨੇ ਸਾਰੇ ਯਾਤਰੀਆਂ ਦਾ ਗੁੱਸਾ ਦੇਖਿਆ, ਤਾਂ ਉਨ੍ਹਾਂ ਦੀ ਗੱਲ ਸੁਣਨ ਲਈ ਉਹ ਤਿਆਰ ਹੋਏ। ਯਾਤਰੀ ਭਗਤ ਸਿੰਘ ਨੇ ਦੱਸਿਆ ਕਿ ਇਸ ਮਾਮਲੇ ਨੂੰ ਲੈ ਕੇ ਉਹ ਵਿਭਾਗ ਦੇ ਉੱਚ ਅਧਿਕਾਰੀਆਂ ਕੋਲ ਜਾਣਗੇ।

# ਬੱਚਿਆਂ ਨੂੰ ਕੁੱਟਣ ਵਾਲੇ ਮਾਤਾ-ਪਿਤਾ ਜਾਣਗੇ ਜੇਲ੍ਹ

ਨਵੀਂ ਦਿੱਲੀ-ਭਾਰਤ 'ਚ ਜਿਹੜੇ ਮਾਤਾ-ਪਿਤਾ ਬੱਚਿਆਂ ਨੂੰ ਸੁਧਾਰਨ ਲਈ ਕੁੱਟਣ ਦੇ 'ਚ ਭਰੋਸਾ ਰੱਖਦੇ ਹਨ, ਲਈ ਹੁਣ ਇਹ ਖ਼ਤਰੇ ਦੀ ਘੰਟੀ ਹੈ। ਜਲਦੀ ਹੀ ਉਨ੍ਹਾਂ ਦੇ ਬੱਚੇ ਉਨ੍ਹਾਂ ਨੂੰ ਅਦਾਲਤ ਤੱਕ ਲਿਜਾਣ ਦਾ ਹੱਕ ਹਾਸਿਲ ਕਰਨ ਵਾਲੇ ਹਨ। ਸਰਕਾਰ ਇਸ ਲਈ ਕਾਨੂੰਨ 'ਚ ਲੋੜੀਂਦੀ ਤਬਦੀਲੀ ਕਰ ਰਹੀ ਹੈ। ਪ੍ਰਸਤਾਵਿਤ ਕਾਨੂੰਨ ਅਮਲ 'ਚ ਆਉਣ ਤੋਂ ਬਾਅਦ ਬੱਚੇ ਘਰ ਜਾਂ ਸਕੂਲ 'ਚ ਕੁੱਟੇ ਜਾਣ 'ਤੇ ਪੁਲੀਸ ਕੋਲੋਂ ਮਦਦ ਲੈ ਸਕਦੇ ਹਨ। ਦੋਸ਼ ਸਾਬਤ ਹੋਣ 'ਤੇ ਪਹਿਲੀ ਵਾਰ ਇੱਕ ਸਾਲ ਦੀ ਸਜ਼ਾ ਦੇ ਨਾਲ 5 ਹਜ਼ਾਰ ਰੁਪਏ ਜੁਰਮਾਨਾ ਦੇਣਾ ਪਵੇਗਾ, ਫਿਰ ਵੀ ਸੁਧਾਰ ਨਾ ਹੋਣ 'ਤੇ 25 ਹਜ਼ਾਰ ਰੁਪਏ ਜੁਰਮਾਨੇ ਦੇ ਨਾਲ ਤਿੰਨ ਸਾਲ ਦੀ ਕੈਦ ਦੀ ਸਜ਼ਾ ਹੋਵੇਗੀ।


ਤੰਦਰੁਸਤ ਸਰੀਰ ਵਿੱਚ ਤੰਦਰੁਸਤ ਮਨ

ਕੀ ਤੁਸੀਂ ਆਪਣੀ ਬਿਮਾਰੀ ਦਾ ਇਲਾਜ ਕਰਵਾਉਂਦੇ ਥੱਕ ਚੁੱਕੇ ਹੋ?

ਘਬਰਾਉਣ ਦੀ ਲੋੜ ਨਹੀਂ, ਅਸੀਂ ਹਰ ਬਿਮਾਰੀ ਦਾ ਤਸੱਲੀਬਖਸ਼ ਇਲਾਜ ਕਰਦੇ ਹਾਂ, ਜਿਵੇਂ ਕਿ :

* ਪੇਟ ਤੇ ਮਿਹਦੇ ਦੀਆਂ ਬਿਮਾਰੀਆਂ * ਜੋੜ੍ਹਾਂ ਦੇ ਦਰਦ * ਦਮਾਂ * ਦਿਲ ਦੀਆਂ ਬਿਮਾਰੀਆਂ * ਬਲੱਡ ਪ੍ਰੈਸ਼ਰ * ਕੈਂਸਰ * ਸ਼ੂਗਰ * ਔਰਤਾਂ ਅਤੇ ਮਰਦਾਂ ਦੇ ਗੁਪਤ ਰੋਗ * ਬੱਚਾ ਨਾ ਹੋਣਾ * ਦਿਮਾਗੀ ਤੇ ਮਾਨਸਿਕ ਬਿਮਾਰੀਆਂ * ਔਰਤਾਂ ਦੇ ਸਰੀਰ ਦਾ ਪੂਰੀ ਤਰ੍ਹਾਂ ਵਿਕਾਸ ਨਾ ਹੋਣਾ * ਮੋਟਾਪਾ * ਥਾਇਰਾਇਡ ਦਾ ਠੀਕ ਕੰਮ ਨਾ ਕਰਨਾ * ਐਨੀਮੀਆ * ਐਨੋਰੈਕਸੀਆ ਅਤੇ ਹਰ ਤਰ੍ਹਾਂ ਦੇ ਟੌਨਿਕ (ਯਾਦਦਾਸ਼ਤ ਵਧਾਉਣ ਲਈ, ਨਜ਼ਰ ਅਤੇ ਸਰੀਰਕ ਕਮਜ਼ੋਰੀ ਦੂਰ ਕਰਨ ਲਈ) ਵੀ ਤਿਆਰ ਕਰਦੇ ਹਾਂ !

*ਬੀਮਾਰੀ ਕੋਈ ਵੀ ਹੋਵੇ ਪਹਿਲਾਂ ਸਾਡੇ ਨਾਲ ਮਸ਼ਵਰਾ ਜ਼ਰੂਰ ਕਰੋ !!*

ਨੋਟ : ਅਸੀਂ ਦੁਆਈਆਂ ਬੀਮਾਰੀ ਅਨੁਸਾਰ ਖੁਦ ਤਿਆਰ ਕਰਦੇ ਹਾਂ ਅਤੇ ਕੋਈ ਵੀ ਨਸ਼ੀਲਾ ਪਦਾਰਥ ਨਹੀਂ ਵਰਤਦੇ, ਬੱਸ ਇਹੀ ਸਾਡੀ ਸਫਲਤਾ ਦਾ ਰਾਜ਼ ਹੈ !

ਹੈਲਥ ਇਜ਼ ਵੈਲਥ ਪ੍ਰੋਗਰਾਮ ਦੇ ਡਾਕਟਰ:
*The Best Award Winner Doctor of 2008-2009*
ਡਾ: ਮਹਿੰਦਰ ਸਿੰਘ
*(M.D. Ayu, B.A.M.S., B.M.S., M.D.M.S.)*

ਕਿਸੇ ਵੀ ਤਰ੍ਹਾਂ ਦੀ ਬਿਮਾਰੀ ਬਾਰੇ ਸੰਪਰਕ ਕਰਨ ਲਈ :
Mob : 07979 808110
email :
ayurvedicen@yahoo.com